ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਐਸ.ਸੀ.ਓ.ਨੰ: 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) (ਵੈਬ ਸਾਈਟ ਰਾਹੀਂ)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)(ਵੈਬ ਸਾਈਟ ਰਾਹੀਂ)
3. ਸਮੂਹ ਸਕੂਲ ਮੁੱਖੀ(ਵੈਬ ਸਾਈਟ ਰਾਹੀਂ)
4. ਬੀ.ਪੀ.ਈ.ਓ(ਵੈਬ ਸਾਈਟ ਰਾਹੀਂ)
5. ਕਲੱਸਟਰ ਮੁੱਖੀ(ਵੈਬ ਸਾਈਟ ਰਾਹੀਂ

ਮੀਮੋ ਨੰ:

ਮਿਤੀ,ਚੰਡੀਗੜ੍ਹ:

ਵਿਸ਼ਾ: ਬਲਾਕ, ਕਲੱਸਟਰ ਅਤੇ ਸਕੂਲ ਪੱਧਰ ਤੇ ਚੋਰੀ ਹੋਏ articles ਦੀ ਰੀਪਲੇਸਮੈਂਟ ਸਬੰਧੀ।

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਮੁੱਖ ਦਫਤਰ ਦੁਆਰਾ ਬਲਾਕ ਅਤੇ ਕਲੱਸਟਰ ਦੇ ਕੰਮ ਵਿੱਚ ਤੇਜੀ ਲਿਆਉਣ ਦੇ ਮਕਸਦ ਨਾਲ ਸਮੂਹ ਬੀ.ਪੀ.ਈ.ਓ ਦਫਤਰ ਅਤੇ ਕਲੱਸਟਰ ਨੂੰ ਕੰਪਿਊਟਰ ਅਤੇ ਇੰਨਟਰਟੈਂਟ ਕੁਨੈਕਸ਼ਨ ਮੁਹੱਈਆ ਕਰਵਾਏ ਗਏ ਹਨ । ਮਹੀਨਾਵਾਰ ਮੀਟਿੰਗ ਵਿੱਚ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਕਈ ਬਲਾਕਾਂ ਵਿੱਚ ਅਤੇ ਕਲੱਸਟਰ ਵਿੱਚ ਲੋੜੀਂਦੇ ਚੌਕੀਦਾਰ ਨਾ ਹੋਣ ਦੀ ਵਜ੍ਹਾ ਨਾਲ ਕਈ ਵਾਰੀ ਇਹਨਾਂ ਕੰਪਿਊਟਰ ਮਸੀਨਾਂ ਦੀ ਚੋਰੀ ਹੋ ਜਾਂਦੀ ਹੈ । ਇਸ ਦੇ ਨਾਲ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਕਈ ਵਾਰੀ ਛੋਟੀ ਛੋਟੀ ਚੀਜ਼ਾਂ ਜਿਵੇਂਕਿ Mouse, Keyboard ਖਰਾਬ ਹੋ ਜਾਂਦੇ ਹਨ ਅਤੇ ਇਹ ਲੰਬੇ ਸਮੇਂ ਤੱਕ ਠੀਕ ਨਹੀਂ ਕਰਵਾਏ ਜਾਂਦੇ ।

3.0 ਇਸ ਸਾਰੇ ਮਾਮਲੇ ਨੂੰ ਮੁੱਖ ਦਫਤਰ ਵਿੱਚ ਵਿਚਾਰਿਆ ਗਿਆ ਅਤੇ ਫੈਸਲਾ ਕੀਤਾ ਗਿਆ ਹੈ ਕਿ ਬਲਾਕ ਅਤੇ ਕਲੱਸਟਰ ਨੂੰ ਦਿੱਤੇ ਗਏ ਕੰਪਿਊਟਰ ਮਸੀਨਾਂ ਦਾ ਪ੍ਰਬੰਧ ਆਈ.ਸੀ.ਟੀ ਪ੍ਰੋਜੈਕਟ ਦੇ ਅਧੀਨ ਮੁਹੱਈਆ ਕਰਵਾਏ ਸਕੂਲਾਂ ਦੇ ਅਨੁਸਾਰ ਹੀ ਸਬੰਧਤ ਵੈਂਡਰ ਨਾਲ ਐਗਰੀਮੈਂਟ ਨਿਯਮਾਂ ਮੁਤਾਬਿਕ ਕੀਤਾ ਜਾ ਰਿਹਾ ਹੈ ਜਿਸ ਦੇ ਵਿੱਚ ਚੋਰੀ ਹੋਈ ਕੰਪਿਊਟਰ ਦੀ ਰੀਪਲੇਸਮੈਂਟ ਕਰਨ ਦੀ ਪੂਰੀ ਜਿੰਮੇਵਾਰੀ ਸਬੰਧਤ ਵੈਂਡਰ ਦੀ ਹੋਵੇਗੀ । ਦਫਤਰ ਦੁਆਰਾ ਬੀ.ਪੀ.ਈ.ਓ/ਕਲਸਟਰ ਨੂੰ ਦਿੱਤੀਆਂ ਗਈਆਂ ਮਸੀਨਾਂ ਦੀ ਸੂਚੀ ਵੀ ਆਈ.ਸੀ.ਟੀ ਪ੍ਰੋਜੈਕਟ ਤੋਂ ਵੱਖਰੇ ਤੌਰ ਤੇ ਵੀ ਕਰ ਲਈ ਗਈ ਹੈ। ਪਰੰਤੂ ਜਿਥੇ ਕਿਤੇ ਕਿਸੇ ਮਸੀਨ ਨੂੰ ਥੋੜ੍ਹੀ ਬਹੁਤੀ ਰਿਪੇਅਰ ਦੀ ਜ਼ਰੂਰਤ ਹੋਵੇ ਜਾਂ Mouse, Keyboard ਖਰਾਬ ਹੋਵੇ ਤਾਂ ਸਬੰਧਤ ਦਫਤਰ ਮੁੱਖੀ ਜਾਂ ਕਲਸਟਰ ਮੁੱਖੀ ਆਪਣੇ ਪੱਧਰ ਤੇ ਕੰਟਨਜੈਂਸੀ ਫੰਡ ਵਿਚੋਂ ਪੈਸੇ ਖਰਚ ਕੇ ਠੀਕ ਕਰਵਾ ਲਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ